


# Police Custody Officer – ਜਾਣਕਾਰੀ ਸ਼ੀਟ

## VICTORIA POLICE ਇਸ ਕਾਰਜ ਵਿਚ ਵਿਭਿੰਨਤਾ ਲਈ ਵਚਨਬੱਧ ਹੈ ਅਤੇ ਹੁਣ ਪੁਲਿਸ ਹਿਰਾਸਤ ਅਧਿਕਾਰੀਆਂ ਦੀ ਭਰਤੀ ਹੋ ਰਹੀ ਹੈ।

Police Custody Officer (PCO) ਦਾ ਕੰਮ ਇਕ ਉਤੇਜਕ, ਚੁਣੌਤੀ ਅਤੇ ਫਲ ਕਾਰੀ ਰੋਜੀ ਦਾ ਸਾਧਨ ਹੈ ਜਿੱਥੇ ਤੁਸੀਂ ਹਿਰਾਸਤ ਵਿਚ ਰੱਖੇ ਵਿਅਕਤੀ ਦੇ ਪ੍ਰਬੰਧ ਵਿਚ ਇਕ ਅਹਿਮ ਭੂਮਿਕਾ ਅਤੇ ਭਲਾਈ ਦੀ ਪੇਸ਼ਕਸ਼ ਕਰਦੇ ਹੋ।

PCO ਦਾ ਕੰਮ ਉਨ੍ਹਾਂ ਲੋਕਾਂ ਦੇ ਅਨਕੂਲ ਹੈ ਜੋ ਇਸਨੂੰ ਰੋਜੀ ਦਾ ਸਥਿਰ ਸਾਧਨ ਅਤੇ ਸ਼ਿਫਟ ਦਾ ਕੰਮ ਕਰਨ ਦੇ ਯੋਗ ਹਨ। ਇਹ ਇਕ ਸਰਗਰਮ ਰੋਲ ਹੈ ਅਤੇ ਸਫਲ ਬਿਨੈਕਾਰਾਂ ਨੂੰ ਆਪਣੀ ਤਾਕਤ ਅਤੇ ਗਤੀਸ਼ੀਲਤਾ ਨੂੰ ਕਾਇਮ ਰੱਖਣ ਦੀ ਲੋੜ ਹੋਵੇਗੀ। PCOs ਨੂੰ ਪ੍ਰਮੁਖ ਤੌਰ ਤੇ ਹਿਰਾਸਤ ਵਿਚ ਰੱਖੇ ਵਿਅਕਤੀਆਂ ਨਾਲ ਕੰਮ ਕਰਨਾਂ ਹੋਵੇਗਾ, ਇਸ ਲਈ ਉਹ ਅਵੱਸ਼ ਸਿਆਣੇ, ਹਾਲਾਤ ਮੁਤਾਬਿਕ ਢਲਣ ਵਾਲੇ, ਮਜ਼ਬੂਤ ਸੰਚਾਰ ਅਤੇ ਪਰਸਪਰ ਹੁਨਰ ਵਾਲੇ ਹੋਣ।

PCO ਨੂੰ ਪੁਲਿਸ ਦੀ ਹਿਰਾਸਤ ਨੀਤੀ ਅਤੇ ਕਾਰਵਾਈ ਦੀ ਪਾਲਣਾ ਕਰਨ ਵਾਲੇ ਅਤੇ ਮਜ਼ਬੂਤ ਕੰਪਿਊਟਰ ਹੁਨਰ ਵਾਲੇ ਹੋਣੇ ਜਰੂਰੀ ਹੈ। ਉਹ ਇਹ ਵੀ ਦਿਖਾ ਸਕਣ ਕਿ ਉਹ ਚੰਗੇ ਚਰਿੱਤਰ ਅਤੇ ਵੱਕਾਰ ਵਾਲੇ ਹਨ। ਉਹਨਾ ਵਿਚ ਆਪਣੇ ਧਰਮ ਨੂੰ ਪਾਸੇ ਪਾ ਕੇ ਬਿਨਾਂ-ਦੋਸ਼ ਰਹਿਣ ਦੀ ਯੋਗਤਾ ਹੋਵੇ।

Victoria Police ਅਜਿਹਾ ਮਾਹੌਲ ਪ੍ਰਦਾਨ ਕਰਦੀ ਹੈ ਜਿਸ ਵਿਚ ਸਿਆਣੇ, ਹਾਲਾਤ ਮੁਤਾਬਿਕ ਢਲਣ ਵਾਲੇ ਅਤੇ ਨਿਰਪੱਖ-ਲੋਕ ਪ੍ਰਫੁੱਲਤ ਹੋ ਸਕਣ। Victoria Police ਦੇ ਕਰਮਚਾਰੀ ਹੋਣ ਕਰਕੇ ਤੁਹਾਨੂੰ ਬਹੁਤ ਲਾਭ ਹਨ, ਜਿਨ੍ਹਾਂ ਵਿਚ ਸ਼ਿਫਟ ਭੱਤੇ ਅਤੇ ਮੈਟਰਨਿਟੀ ਅਤੇ ਵਲਦੀਅਤ ਛੁਟੀਆਂ ਸ਼ਾਮਲ ਹਨ।

VICTORIA POLICE




# ਕੰਮ ਦੀਆਂ ਜ਼ਿੰਮੇਵਾਰੀਆਂ ਕੀ ਹਨ?

- Victoria Police ਦੀ ਹਿਰਾਸਤ ਵਿਚ ਵਿਅਕਤੀ ਦੇ ਪ੍ਰਬੰਧ ਨਾਲ ਸਬੰਧਤ ਸਾਰੇ ਫਰਜ਼ ਨਿਭਾਉਣੇ।
- ਸਿਹਤ, ਭਲਾਈ, ਸੁਰੱਖਿਆ ਅਤੇ ਹਿਰਾਸਤ ਵਿਚ ਰੱਖੇ ਲੋਕਾਂ ਦੀ ਨਿਗਰਾਨੀ, ਸਟਾਫ ਅਤੇ ਉਨ੍ਹਾਂ ਨੂੰ ਮਿਲਣ ਆਇਆਂ ਦੀ ਨਿਗਰਾਨੀ ਆਦਿ ਨੂੰ ਯਕੀਨੀ ਬਣਾਉਣਾ।
- ਪ੍ਰਬੰਧ,ਆਵਾਜਾਈ,ਆਫ-ਸਾਈਟ ਹਾਜ਼ਰੀ ਜਾਂ ਹਿਰਾਸਤ ਵਿਚ ਰੱਖੇ ਲੋਕਾਂ ਦੇ ਵੀਡੀਓ ਲਿੰਕ ਆਦਿ ਦਾ ਆਯੋਜਨ।
- ਕਾਨੂੰਨ ਅਨੁਸਾਰ ਸਥਾਪਤ ਸਾਰੇ ਹਿਰਾਸਤੀ ਪ੍ਰਬੰਧਕ ਕੰਮ, ਨੀਤੀਆਂ ਅਤੇ ਕਾਰਵਾਈਆਂ ਸਮੇਤ, ਰੁਟੀਨ ਪੱਤਰ ਤਿਆਰ ਕਰਨੇ, ਹਾਜਰੀ ਰਜਿਸਟਰ, ਰਿਪੋਰਟਾਂ ਬਣਾਉਣੀਆਂ ਅਤੇ ਹੋਰ ਪ੍ਰਬੰਧਕ ਕਾਰਜ ਆਦਿ।
- ਫਿੰਗਰ ਪਰਿੰਟ, DNA ਦਾ ਪ੍ਰਬੰਧ, ਫੋਟੋਗਰਾਫੀ, ਸਬੂਤਾਂ ਦੀ ਪੜਚੋਲ ਅਤੇ ਕਚਹਿਰੀ ਵਿਚ ਲੋੜ ਅਨੁਸਾਰ ਗਵਾਹੀ ਦੇਣੀ।

# ਨੌਕਰੀਆਂ ਕਿੰਨਾਂ ਸਥਾਨਾਂ ਤੇ ਆਧਾਰਿਤ ਹਨ?

1. Ballarat
2. Dandenong
3. Heidelberg
4. Geelong
5. Sunshine
6. Broadmeadows
7. Frankston
8. Mildura
9. Ringwood
10. Moorabbin
11. Wodonga
12. Bendigo
13. Swan Hill
14. Mill Park
15. Warrnambool
16. Morwell
17. Shepparton
18. Wangaratta
19. Bairnsdale
20. Horsham
21. Sale
22. Melbourne West (CBD)

ਹੋਰ ਜਾਣਕਾਰੀ ਵਾਸਤੇ ਕ੍ਰਿਪਾ ਕਰਕੇ ਵੈੱਬ-ਸਾਈਟ **www.policecareer.vic.gov.au/pco** ਦੇਖੋ।

VICTORIA POLICE



# ਕੀ ਮੈਂ ਅਰਜੀ ਦੇਣ ਦੇ ਯੋਗ ਹਾਂ?

Victoria Police ਵਿਚ PCO ਦੀ ਆਸਾਮੀ ਵਾਸਤੇ ਤੁਹਾਨੂੰਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਦੀ ਲੋੜ ਹੈ:

- ਉਮਰ 18 ਸਾਲ ਤੋਂ ਵੱਧ
- ਆਸਟ੍ਰੇਲੀਆ ਦੇ ਨਾਗਰਿਕ ਜਾਂ ਪੱਕੇ ਨਿਵਾਸੀ
- ਆਸਟ੍ਰੇਲੀਆ ਦਾ ਪੂਰਾ ਜਾਂ ਅਜ਼ਮਾਇਸ਼ੀ ਗੱਡੀ ਚਲਾਉਣ ਦਾ ਲਾਈਸੈਂਸ
- ਸਰੀਰ ਦੇ ਮਾਸ ਦਾ ਇੰਡੈਕਸ 30 ਜਾਂ ਇਸ ਤੋਂ ਹੇਠ (ਬੀ.ਐਮ.ਆਈ.)
- ਟਰੈਫਿਕ ਜਾਂ ਪਾਰਕਿੰਗ ਇਨਫਰਿੰਜ਼ਮਿੰਟਸ ਨਾਲ ਸੰਬੰਧਿਤ ਕੋਈ ਵਾਰੰਟ, ਪੇਮਿੰਟ ਆਰਡਰ, ਜਾਂ ਪੇਮਿੰਟ ਯੋਜਨਾਂ ਨਹੀਂ ਹੋਣੇ ਚਾਹੀਦੇ

# ਅਰਜ਼ੀ ਦੀ ਕਾਰਵਾਈ ਕੀ ਹੈ?

*ਇਕ ਬਿਨੈਕਾਰ ਦੇ ਨਾਂ ਤੇ, Victoria Police ਦੀ ਨੌਕਰੀ ਦੀ ਚੋਣ ਵਾਸਤੇ ਤੁਹਾਨੂੰ ਹੇਠ ਲਿਖੇ ਪੜਾਅ ਪਾਸ ਕਰਨ ਦੀ ਲੋੜ ਹੋਵੇਗੀ।*

**ਪਹਿਲਾ ਕਦਮ:** ਇਕ ਆਨਲਾਈਨ ਅਰਜ਼ੀ ਵੈੱਬ-ਸਾਈਟ: **www.policecareer.vic.gov.au/pco** ਤੇ ਦਿਓ।

**ਦੂਜਾ ਕਦਮ:** ਤੁਹਾਨੂੰ ਮੁੱਢਲੀ ਪਿਛੋਕੜ ਦੀ ਜਾਂਚ ਵਾਸਤੇ ਜਾਣਾ ਹੋਵੇਗਾ

**ਤੀਜਾ ਕਦਮ:** ਨਿਰਧਾਰਤ ਦਿਨ ਵਿਚ ਹਿੱਸਾ ਲਵੋ

**ਚੌਥਾ ਕਦਮ:** ਮਨੋਵਿਗਿਆਨਕ ਟੈਸਟ ਦਿਓs

**ਪੰਜਵਾਂ ਕਦਮ:** ਮਨੋਵਿਗਿਆਨਕ ਸਕਰੀਨਿੰਗ ਟੈਸਟ ਦਿਓ

**ਛੇਵਾਂ ਕਦਮ:** ਡਾਕਟਰੀ ਮੁਆਇਨਾ ਕਰਾਓ

**ਸਤਵਾਂ ਕਦਮ:** ਪੂਰਾ ਪਿਛੋਕੜ ਚੈੱਕ ਕਰਾਓ

**ਅੱਠਵਾਂ ਕਦਮ:** ਤੰਦਰੁਸਤੀ ਟੈਸਟ ਕਰਾਓ

**ਨੌਂਵਾਂ ਕਦਮ** ਇਕ ਪੈਨਲ ਇੰਟਰਵਿਊ ਦਿਓ

**ਦਸਵਾਂ ਕਦਮ:** ਰੁਜ਼ਗਾਰ ਦੀ ਪੇਸ਼ਕਸ਼ ਪ੍ਰਾਪਤ ਕਰੋ

ਹੋਰ ਜਾਣਕਾਰੀ ਵਾਸਤੇ ਕ੍ਰਿਪਾ ਕਰਕੇ ਵੈੱਬ-ਸਾਈਟ **www.policecareer.vic.gov.au/pco** ਦੇਖੋ।

VICTORIA POLICE



# ਮੈਨੂੰ ਕਿਹੜੀ ਸਿਖਲਾਈ ਪ੍ਰਾਪਤ ਹੋਵੇਗੀ?

PCOs ਨੂੰ ਅੱਠ ਹਫਤੇ ਦਾ ਸਿਖਲਾਈ ਕੋਰਸ Police Academy ਜਿਹੜੀ Glen Waverly, Melbourne ਵਿਚ ਸਥਿਤ ਹੈ, ਵਿਚ ਅਤੇ ਆਪਣੇ ਨਿਰਧਾਰਤ ਪੁਲਿਸ ਸਟੇਸ਼ਨ ਵਿਚ ਪੂਰਾ ਕਰਨਾ ਹੋਵੇਗਾ। ਸਿਖਲਾਈ ਦੌਰਾਨ ਤੁਹਾਨੂੰ ਹਿਰਾਸਤੀ ਪ੍ਰਬੰਧ ਅਤੇ ਕੈਦੀ ਭਲਾਈ ਪ੍ਰਬੰਧ ਬਾਰੇ ਦੱਸਿਆ ਜਾਵੇਗਾ।

Victoria Police ਅਕੈਡਮੀ ਦੀ ਸਿਖਲਾਈ ਸਖ਼ਤ ਅਤੇ ਅਨੁਸ਼ਾਸਿਤ ਹੈ। ਇਹ ਸਰੀਰਕ, ਅਕਾਦਮਕ ਅਤੇ ਮਾਨਸਿਕ ਤੌਰ ਤੇ ਇਕ ਚੁਣੌਤੀ ਹੈ।

**ਮੈਨੂੰ ਅੱਗੇ ਵਾਸਤੇ ਹੋਰ ਕਿਹੜੀ ਮਹੱਤਵਪੂਰਨ ਜਾਣਕਾਰੀ ਧਿਆਨ ਵਿਚ ਰੱਖਣੀ ਚਾਹੀਦੀ ਹੈ?**

- ਬਿਨੈਕਾਰ ਨੂੰ ਆਪਣੀ ਸਿਖਲਾਈ ਦੇ ਮੁਕੰਮਲ ਹੋਣ ਤੋਂ ਬਾਅਦ ਤਿੰਨ ਮਹੀਨੇ ਦੀ ਮਿਆਦ ਤੱਕ ਪਰਖ ਦੇ ਅਧੀਨ ਰੱਖਿਆ ਜਾਵੇਗਾ
- PCO ਦੀ ਹਮੇਸ਼ਾਂ ਇਹ ਲੋੜ ਹੋਵੇਗੀ ਕਿ ਉਹ ਆਪਣੀ ਤੰਦਰੁਸਤੀ ਦਾ ਪੱਧਰ ਬਣਾਈ ਰੱਖਣ। ਰੁਜ਼ਗਾਰ ਦੌਰਾਨ, PCO ਨੂੰ ਹਰ ਦੋ-ਸਾਲ ਬਾਅਦ ਫਿਟਨੈੱਸ ਟੈਸਟ ਦੇਣ ਦੀ ਲੋੜ ਹੈ।
- ਬਿਨੈਕਾਰ ਲਗਾਤਾਰ ਡਰੱਗ ਅਤੇ ਸ਼ਰਾਬ ਟੈਸਟਿੰਗ ਦੇ ਅਧੀਨ ਵੀ ਹੋਣਗੇ।
- ਮੌਜੂਦਾ ਸੰਗਠਨ ਦੀ ਵਿਵਸਾਇਕ ਲੋੜ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ, ਜੋ ਸਾਜ਼ੋ-ਸਾਮਾਨ ਦੀ ਵਰਤੋਂ ਅਤੇ ਖ਼ਤਰਨਾਕ ਰਸਾਇਣ ਨਾਲ ਸਬੰਧਤ ਹੈ ਸਥਾਨਕ ਪੱਧਰ ਤੇ ਸਿਖਲਾਈ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।
- ਤੁਹਾਨੂੰ ਕਾਨੂੰਨ ਦੇ ਕਿਸੇ ਵੀ ਮੌਜੂਦਾ ਗਿਆਨ ਦੀ ਲੋੜ ਨਹੀਂ ਹੈ, ਤੁਹਾਨੂੰ ਸਿਖਾਇਆ ਜਾਵੇਗਾ ਕਿ ਤੁਹਾਨੂੰ ਆਪਣੀ ਸਿਖਲਾਈ ਦੇ ਦੌਰਾਨ ਕੀ ਜਾਨਣ ਦੀ ਲੋੜ ਹੈ।
- ਇਸ ਭੂਮਿਕਾ ਦੇ ਲਈ ਵਿਚਾਰ ਕਰਨ ਸਮੇਂ ਕਿਸੇ ਡਿਗਰੀ ਦੀ ਯੋਗਤਾ ਦੀ ਲੋੜ ਨਹੀਂ ਹੈ; ਪਰ, ਤੁਹਾਡੀ ਉਮਰ ਅਰਜੀ ਦੇਣ ਸਮੇਂ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ।
- PCO ਦੀਆਂ ਸ਼ਿਫਟਾਂ ਦਿਨ, ਦੁਪਿਹਰ ਅਤੇ ਰਾਤ ਦੀਆਂ ਹੋਣਗੀਆਂ। ਸ਼ਿਫਟ 8.06 ਘੰਟੇ ਦੀ ਹੈ, ਜਿਸ ਵਿਚ ਅੱਧੇ ਘੰਟੇ ਦੀ ਮੀਲ ਬਰੇਕ ਵੀ ਸ਼ਾਮਿਲ ਹੈ। ਅਰੰਭ ਅਤੇ ਸਮਾਪਤੀ ਦਾ ਸਮਾਂ ਸਥਿਤੀ ਅਨੁਸਾਰ ਵੱਖ ਵੱਖ ਹੋ ਸਕਦਾ ਹੈ।
- PCO ਨੂੰ ਬੈਟਨ, ਹੱਥਕੜੀ ਅਤੇ ਓ ਸੀ ਸਪਰੇਅ ਆਪਣੇ ਨਾਲ ਰੱਖਣਾ ਹੋਵੇਗਾ।

# ਵਧੇਰੀ ਜਾਣਕਾਰੀ?

ਹੋਰ ਜਾਣਕਾਰੀ ਲਈ: **http://www.policecareer.vic.gov.au/pco** ਵੈੱਬ-ਸਾਈਟ ਦੇਖੋ।
ਜਾਂ ਆਪਣੀ ਸਵਾਲਾਂ ਵਾਸਤੇ: **pcoemployment@police.vic.gov.au** ਨੂੰ ਈ-ਮੇਲ ਕਰੋ।

VICTORIA POLICE